# ਸ਼ਰਾਬੀ ਦੀ ਬੀਵੀ ਦਾ ਦੁਖ

ਮੇਨੂੰ ਮਾਫ਼ ਕਰੀਂ ਮਾਏ ਤੇਨੂੰ ਕਢਦੀ ਹਾਂ ਗਾਲਾਂ
ਜਦੋਂ ਤੇਰਾ ਨੀਂ ਜਵਾਈ ਕਢੇ ਰਜ ਰਜ ਗਾਲਾਂ
ਜੀ ਕਰਦਾ ਮੈਂ ਗਲ ਵਿਚ ਫਾਹਾ ਜਿਹਾ ਪਾ ਲਾਂ
ਤੇਰੇ ਚੰਦ੍ਰੇ ਜਵਾਈ ਕੋਲੋਂ ਪਿਛਾ ਹੀ ਛੁਡਾ ਲਾਂ
ਮੇਨੂੰ ਮਾਫ਼ ਕਰੀਂ ਮਾਏ ਤੇਨੂੰ ਕਢਦੀ ਹਾਂ ਗਾਲਾਂ

ਆਓਂਦਾ ਪੀ ਕੇ ਸ਼ਰਾਬ ਆ ਕੇ ਕੁੱਟ ਮਾਰ ਕਰੇ
ਮੇਰਾ ਵੇਖਦੇ ਤਮਾਸ਼ਾ ਉਹਦੇ ਮਾਂ ਪਿਓ ਖੜੇ
ਸਾਰਾ ਦਿਨ ਗਾਇਬ ਰਹੇਂਦਾ ਰਾਤੀਂ ਕਰਦਾ ਚੜ੍ਹਾਈ
ਮੇਰੀ ਸਾਰੀ ਸਾਰੀ ਰਾਤ ਹੁੰਦੀ ਕੰਬਲ ਕੁਟਾਈ
ਰੋਵਾਂ ਕਰਮਾਂ ਨੂੰ ਜਿਸ ਦਿਨ ਸਹੁਰੇ ਘਰ ਆਈ
ਜਿਵੇਂ ਗਾਂ ਕੋਈ ਬੁਚਰਾਂ ਦੇ ਨਹੁਰੇ ਹੋਵੇ ਆਈ

ਆਓਂਦਾ ਪੀ ਕੇ ਸ਼ਰਾਬ ਡਿਗਦੇ ਨੂੰ ਮੈਂ ਸੰਭਾਲਾਂ
ਲਾਸ਼ ਵਾਂਗੂੰ ਡਿੱਗੇ ਆ ਕੇ ਉਹਦੇ ਬੂਟ ਮੈਂ ਉਤਾਰਾਂ
ਦਿਨੇ ਸਿਖਰ ਦੁਪਹਰ ਤਕ ਨੀਂਦ ਵਿਚ ਰਹੇਂਦਾ
ਫਿਰ ਉਸ ਦਾ ਕੋਈ ਯਾਰ ਉਹਨੂੰ ਘਰੋਂ ਆ ਕੇ ਲੇਂਦਾ
ਨਾਲੇ ਮੇਰੇ ਉੱਤੇ ਮਾੜੀਆਂ ਉਹ ਨਜ਼ਰਾਂ ਨੇ ਪੋਂਦੇ
ਨਾਲੇ ਆਖ ਮਾਰਦੇ ਤੇ ਭਾਬੀ ਆਖ ਕੇ ਬੁਲੋਂਦੇ

ਰੋਜ਼ ਹੇਠ ਜੋੜ ਉਹਨੂੰ ਆਖਾਂ ਛਡ ਦੇ ਸ਼ਰਾਬ
ਐਵੇਂ ਝੂਠੀ ਮੂਠੀ ਕਾਹਨੂੰ ਫਿਰੇਂ ਬਣਿਆ ਨਵਾਬ
ਉੱਤੋਂ ਰਬ ਮੇਰੀ ਝੋਲੀ ਵਿਚ ਨਨ੍ਹੀਂ ਮੁਨ੍ਹੀਂ ਪਾਈ
ਅਜੇ ਜਿਮੇਂਵਾਰੀਆਂ ਨਾਂ ਤੇਰਾ ਸਮਝੇ ਜਵਾਈ
ਮੈਨੂੰ ਨਰਕ ਚ ਪਾ ਕੇ ਆਪ ਚਲ ਵੱਸੀ ਤੂੰ
ਮੈਨੂੰ ਜਿੰਦਗੀ ਜਿਓਣ ਦੀ ਨਾਂ ਜਾਚ ਦੱਸੀ ਤੂੰ
ਮੈਨੂੰ ਜੁਲਮ ਦੇ ਨਾਲ ਆ ਕੇ ਲੜਨਾਂ ਸਿਖਾ ਜਾ
ਮੈਨੂੰ ਪੁਛਦੇ ਨਹੀਂ ਵੀਰ ਤੇਰੇ ਮੂੰਹ ਨੂੰ ਸੀ ਮੁਲਾਹਜ਼ਾ
ਮਾਂ ਤਰਸ ਜੇ ਆਵੇ ਕਦੇ ਸੁਪਨੇ ਚ ਆ ਜਾ
ਮੈਨੂੰ ਕਿਸਮਤ ਨਾਲ ਆ ਕੇ ਲੜਨਾਂ ਸਿਖਾ ਜਾ

ਜੇ ਇੰਨਾਂ ਵੀ ਨਾਂ ਕਰੇਂ ਗੀ ਤਾਂ ਸੁਣ ਮੇਰੀ ਮਾਈ
ਤੇਰੀ ਧੀ ਤੇਰੇ ਪਿਛੇ ਥੋੜੇ ਦਿਨਾਂ ਵਿਚ ਆਈ
ਤੇਰੀ ਧੀ ਦੀ ਜੋ ਧੀ ਉਹਨੂੰ ਕੀਹਦੇ ਲੜ ਲਾਵਾਂ
ਜੇਕਰ ਤੇਰੇ ਕੋਲ ਮਾਏ ਮੈਂ ਆਪ ਆਉਣਾਂ ਚਾਹਵਾਂ

ਮੈਨੂੰ ਮਾਫ਼ ਕਰੀਂ ਮਾਏ ਤੇਨੂੰ ਕਢਦੀ ਹਾਂ ਗਾਲਾਂ
ਜਦੋਂ ਤੇਰਾ ਨੀਂ ਜਵਾਈ ਕਢੇ ਰਜ ਰਜ ਗਾਲਾਂ
ਜੀ ਕਰਦਾ ਮੈਂ ਗਲ ਵਿਚ ਫਾਹਾ ਜਿਹਾ ਪਾ ਲਾਂ
ਤੇਰੇ ਚੰਦ੍ਰੇ ਜਵਾਈ ਕੋਲੋਂ ਪਿਛਾ ਹੀ ਛੁਡਾ ਲਾਂ
ਮੈਨੂੰ ਮਾਫ਼ ਕਰੀਂ ਮਾਏ ਤੇਨੂੰ ਕਢਦੀ ਹਾਂ ਗਾਲਾਂ